fraserhealth Better health. Best in health care.

# ਪਬਲਿਕ ਸਰਵਿਸ ਸੂਚਨਾ

ਤੁਰੰਤ ਜਾਰੀ ਕਰਨ ਲਈ 17 ਮਾਰਚ, 2025

## ਫਰੇਜ਼ਰ ਹੈਲਥ ਸਰੀ ਵਿੱਚ ਆਲ ਇਨ ਵਨ ਹੋਲਸੇਲ ਕੈਸ਼ ਐਂਡ ਕੈਰੀ ਦੁਆਰਾ ਵੇਚੇ ਜਾਣ ਵਾਲੇ ਅਣ-ਅਧਿਕਾਰਿਤ ਆਯੁਰਵੈਦ ਦੇ ਉਤਪਾਦਾਂ ਬਾਰੇ ਚੇਤਾਵਨੀ ਦਿੰਦੀ ਹੈ

**ਸਰੀ-** ਫਰੇਜ਼ਰ ਹੈਲਥ ਜਨਤਾ ਨੂੰ ਸਰੀ ਵਿੱਚ ਆਲ ਇਨ ਵਨ ਹੋਲਸੇਲ ਕੈਸ਼ ਐਂਡ ਕੈਰੀ ਦੁਆਰਾ ਵੇਚੀ ਜਾਣ ਵਾਲੀ ਅਣ-ਅਧਿਕਾਰਿਤ ਆਯੁਰਵੈਦ ਦੀ ਦਵਾਈ ਨਾਲ ਜੁੜੇ ਸਿਹਤ ਲਈ ਖਤਰਿਆਂ ਬਾਰੇ ਚੇਤਾਵਨੀ ਦੇ ਰਹੀ ਹੈ।

ਇਹ ਉਤਪਾਦ ਭਾਰੀ ਧਾਤਾਂ, ਜਿਵੇਂ ਕਿ ਸਿੱਕਾ (ਲੈੱਡ), ਪਾਰਾ (ਮਰਕਰੀ), ਸੰਖੀਆ (ਆਰਸੈਨਿਕ) ਅਤੇ ਹੋਰ ਭਾਰੀ ਧਾਤਾਂ ਨਾਲ ਦੂਸ਼ਿਤ ਹੋ ਸਕਦੇ ਹਨ।

ਫਰੇਜ਼ਰ ਹੈਲਥ ਨੇ 107-12815 85th ਐਵਿਨਿਊ, ਸਰੀ ਵਿਖੇ ਸਥਿਤ ਆਲ ਇਨ ਵਨ ਹੋਲਸੇਲ ਕੈਸ਼ ਐਂਡ ਕੈਰੀ ਤੋਂ ਆਯੁਰਵੈਦ ਦੀਆਂ ਦਵਾਈਆਂ ਦੀ ਖਰੀਦ ਨਾਲ ਜੁੜੇ ਲੈੱਡ ਦੀ ਜ਼ਹਿਰ ਫੈਲਣ (ਲੈੱਡ ਪੁਇਜ਼ਨਿੰਗ) ਦੇ ਇੱਕ ਸਥਾਨਕ ਮਾਮਲੇ ਦੀ ਜਾਂਚ ਕੀਤੀ।

ਇਸ ਇਮਾਰਤ ਵਿੱਚ ਆਯਾਤ ਕੀਤੇ ਗਏ ਆਯੁਰਵੈਦ ਦੇ ਉਤਪਾਦ ਮੌਕੇ 'ਤੇ ਮਿਲੇ ਸਨ ਜਿਹੜੇ ਹੈਲਥ ਕੈਨੇਡਾ ਦੁਆਰਾ ਅਧਿਕਾਰਿਤ ਨਹੀਂ ਹਨ। ਇਹਨਾਂ ਵਿੱਚੋਂ ਕੁਝ ਉਤਪਾਦਾਂ ਵਿੱਚ ਲੈੱਡ ਅਤੇ ਹੋਰ ਭਾਰੀ ਧਾਤਾਂ ਦੀ ਉੱਚ ਪੱਧਰੀ ਮਾਤਰਾ ਪਾਈ ਗਈ ਸੀ, ਜੋ ਖਪਤਕਾਰਾਂ ਲਈ ਸਿਹਤ ਦੇ ਗੰਭੀਰ ਖਤਰੇ ਪੈਦਾ ਕਰ ਸਕਦੀ ਹੈ। ਇਹਨਾਂ ਉਤਪਾਦਾਂ ਦੀਆਂ ਕੁਝ ਉਦਾਹਰਨਾਂ ਨੱਥੀ ਫੋਟੋਆਂ ਵਿੱਚ ਦਿਖਾਈਆਂ ਗਈਆਂ ਹਨ। ਮੌਕੇ 'ਤੇ ਪਾਏ ਗਏ ਸਾਰੇ ਅਣ-ਅਧਿਕਾਰਿਤ ਉਤਪਾਦ ਜ਼ਬਤ ਕਰ ਲਏ ਗਏ ਹਨ।

ਆਯੁਰਵੈਦ ਜਿਊਣ ਢੰਗ ਦੇ ਵਿਹਾਰਾਂ (ਜਿਵੇਂ ਕਿ ਮਾਲਸ਼, ਧਿਆਨ, ਯੋਗਾ, ਅਤੇ ਖੁਰਾਕ ਵਿੱਚ ਬਦਲਾਅ) ਅਤੇ ਜੜੀ-ਬੂਟੀਆਂ ਦੇ ਉਪਚਾਰਾਂ ਦੀ ਵਰਤੋਂ ਰਾਹੀਂ ਚੰਗੀ ਸਿਹਤ ਅਤੇ ਬਿਮਾਰੀ ਦੀ ਰੋਕਥਾਮ ਅਤੇ ਇਲਾਜ 'ਤੇ ਜ਼ੋਰ ਦਿੰਦਾ ਹੈ। ਆਯੁਰਵੈਦ ਦੀਆਂ ਜੜੀ-ਬੂਟੀਆਂ ਦੀਆਂ ਦਵਾਈਆਂ, ਰਵਾਇਤੀ ਦਵਾਈਆਂ ਵਾਂਗ, ਮਾੜੇ ਪ੍ਰਭਾਵਾਂ(ਸਾਈਡ ਅਫੈਕਟ) ਦਾ ਕਾਰਨ ਬਣ ਸਕਦੀਆਂ ਹਨ, ਐਲਰਜੀ ਵਾਲੀਆਂ ਪ੍ਰਤੀਕ੍ਰਿਆਵਾਂ ਪੈਦਾ ਕਰ ਸਕਦੀਆਂ ਹਨ, ਜਾਂ ਹੋਰ ਦਵਾਈਆਂ ਜਾਂ ਜੜੀਆਂ ਬੂਟੀਆਂ (ਹਰਬ), ਜਿਹੜੀਆਂ ਤੁਸੀਂ ਲੈ ਰਹੇ ਹੋ, ਨਾਲ ਇਕ-ਦੂਜੀ 'ਤੇ ਅਸਰ ਪਾ ਸਕਦੀਆਂ ਹਨ।

ਹੈਲਥ ਕੈਨੇਡਾ ਦੁਆਰਾ ਮਨਜ਼ੂਰਸ਼ੁਦਾ ਆਯੁਰਵੈਦ ਦੇ ਉਤਪਾਦਾਂ ਦੀ ਚੋਣ ਕਰਨਾ ਸਭ ਤੋਂ ਵਧੀਆ ਹੈ। ਅਣ-ਅਧਿਕਾਰਿਤ ਆਯੁਰਵੈਦ ਦੇ ਉਤਪਾਦਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਸਿਹਤ ਲਈ ਗੰਭੀਰ ਖਤਰੇ ਪੈਦਾ ਕਰ ਸਕਦੇ ਹਨ। ਇਹ ਜਾਂਚ ਕਰਨ ਲਈ ਕਿ ਕੀ ਉਤਪਾਦ ਮਨਜ਼ੂਰਸ਼ੁਦਾ ਹਨ, ਹੈਲਥ ਕੈਨੇਡਾ ਕੋਲ ਡਾਟਾਬੇਸ ਹੈ। ਅਧਿਕਾਰਤ ਉਤਪਾਦਾਂ ਦਾ ਅੱਠ-ਅੰਕਾਂ ਦਾ ਪਛਾਣ ਨੰਬਰ ਹੋਵੇਗਾ, ਜਿਵੇਂ ਕਿ ਨੈਚੂਰਲ ਪ੍ਰੋਡਕਟ ਨੰਬਰ (ਐਨ ਪੀ ਐਨ) ਜਾਂ ਡਰੱਗ ਆਇਡੈਂਟੀਫੀਕੇਸ਼ਨ ਨੰਬਰ (ਡੀ ਆਈ ਐਨ)।

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਇਹਨਾਂ ਉਤਪਾਦਾਂ ਦੀ ਵਰਤੋਂ ਕਰ ਰਹੇ ਹੋ, ਤਾਂ ਤੁਰੰਤ ਬੰਦ ਕਰੋ ਅਤੇ ਉਤਪਾਦ ਨੂੰ ਤਿਆਗ ਦਿਓ। ਫਿਰ ਲੈੱਡ ਦੀ ਜ਼ਹਿਰ ਫੈਲਣ( ਲੈੱਡ ਪੁਇਜ਼ਨਿੰਗ) ਦੇ ਲੱਛਣਾਂ ਦਾ ਧਿਆਨ ਰੱਖੋ, ਉਹਨਾਂ ਨੂੰ ਹੋਰ ਸਿਹਤ ਸਮੱਸਿਆਵਾਂ ਤੋਂ ਵੱਖ ਕਰਨਾ ਮੁਸ਼ਕਲ ਹੋ ਸਕਦਾ ਹੈ:

- ਹਲਕੇ ਲੱਛਣਾਂ ਵਿੱਚ ਥਕਾਵਟ, ਚਿੜਚਿੜਾਪਣ, ਸਿਰ ਦਰਦ, ਪੱਠਿਆਂ ਵਿੱਚ ਦਰਦ, ਪੇਟ ਵਿੱਚ ਬੇਅਰਾਮੀ ਜਾਂ ਦਰਦ, ਕਬਜ਼, ਉਲਟੀਆਂ ਅਤੇ ਕੰਬਣੀ ਸ਼ਾਮਲ ਹਨ।
- ਗੰਭੀਰ ਲੱਛਣਾਂ ਵਿੱਚ ਪੇਟ ਵਿੱਚ ਗੰਭੀਰ ਦਰਦ, ਬਿਮਾਰੀ ਦਾ ਦੌਰਾ (ਸੀਜ਼ਰ), ਹੋਸ਼ ਦਾ ਘਟਣਾ, ਸੁੰਨ ਹੋਣਾ ਅਤੇ ਪੱਠਿਆਂ ਦਾ ਬਹੁਤ ਕਮਜ਼ੋਰ ਹੋਣਾ ਸ਼ਾਮਲ ਹਨ।

fraserhealth Better health. Best in health care.

# ਪਬਲਿਕ ਸਰਵਿਸ ਸੂਚਨਾ

- ਉੱਚੇ ਪੱਧਰ ਵਾਲੇ ਲੈੱਡ ਵਾਲੇ ਉਤਪਾਦਾਂ ਦੀ ਲੰਬੇ ਸਮੇਂ ਤੱਕ ਵਰਤੋਂ ਬਾਲਗਾਂ ਵਿੱਚ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ (ਹਾਈ ਬਲੱਡ ਪ੍ਰੈਸ਼ਰ, ਦਿਲ ਦੀਆਂ ਸਮੱਸਿਆਵਾਂ ਅਤੇ ਗੁਰਦੇ ਦੇ ਨੁਕਸਾਨ ਦਾ ਖਤਰਾ ਵਧਦਾ ਹੈ)। ਗਰਭ ਅਵਸਥਾ ਦੌਰਾਨ ਲੈੱਡ ਦੇ ਸੰਪਰਕ ਵਿੱਚ ਆਉਣ ਨਾਲ ਭਰੂਣ ਦੇ ਵਿਕਾਸ ਵਿੱਚ ਘਾਟ ਅਤੇ ਸਮੇਂ ਤੋਂ ਪਹਿਲਾਂ ਜਨਮ ਹੋ ਸਕਦਾ ਹੈ। ਛੋਟੇ ਬੱਚੇ ਖਾਸ ਤੌਰ 'ਤੇ ਨਾਜ਼ੁਕ ਹੁੰਦੇ ਹਨ ਅਤੇ ਸਥਾਈ ਸਿਹਤ ਅਤੇ ਵਿਕਾਸ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰ ਸਕਦੇ ਹਨ, ਖਾਸ ਕਰਕੇ ਉਨ੍ਹਾਂ ਦੀ ਕੇਂਦਰੀ ਨਸ ਪ੍ਰਣਾਲੀ ਵਿੱਚ (ਉਦਾਹਰਨ ਵਜੋਂ ਸੁਣਨ ਸ਼ਕਤੀ ਦਾ ਪੱਕੇ ਤੌਰ 'ਤੇ ਨੁਕਸਾਨ)।

ਲੈੱਡ ਨਾਲ ਸੰਪਰਕ ਹੋਣ ਬਾਰੇ ਹੋਰ ਜਾਣਕਾਰੀ ਲੈੱਡ ਪ੍ਰਇਜ਼ਨਿੰਗ | ਹੈਲਥਲਿੰਕ ਬੀਸੀ ਅਤੇ ਲੈੱਡ ਐਕਸਪੋਜ਼ਰ ਇਨਫਰਮੇਸ਼ਨ ਰਿਸੋਰਸ.ਪੀਡੀਐੱਫ 'ਤੇ ਮਿਲ ਸਕਦੀ ਹੈ।

ਜੇਕਰ ਤੁਹਾਨੂੰ ਲੈੱਡ ਦੀ ਜ਼ਹਿਰ ਫੈਲਣ ਜਾਂ ਹੋਰ ਅਣਕਿਆਸੇ ਮਾੜੇ ਪ੍ਰਭਾਵਾਂ ਦੇ ਕੋਈ ਲੱਛਣ ਮਹਿਸੂਸ ਹੁੰਦੇ ਹਨ, ਤਾਂ ਡਾਕਟਰੀ ਸਹਾਇਤਾ ਲਓ, ਅਤੇ ਬੀਸੀ ਡਰੱਗ ਐਂਡ ਪ੍ਰਇਜ਼ਨ ਇਨਫਰਮੇਸ਼ਨ ਸੈਂਟਰ ਨੂੰ 604-682-5050 ਜਾਂ 1-800-567-8911 'ਤੇ ਫੋਨ ਕਰੋ। ਤੁਹਾਡੀ ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲਾ ਇਹ ਨਿਯਤ ਕਰੇਗਾ ਕਿ ਕੀ ਤੁਹਾਨੂੰ ਖੂਨ ਵਿੱਚ ਲੈੱਡ ਦੀ ਜਾਂਚ ਕਰਵਾਉਣ ਦੀ ਲੋੜ ਹੈ। ਉਤਪਾਦ ਨੂੰ ਬਾਹਰ ਨਾ ਸੁੱਟੋ। ਇਸ ਨੂੰ ਸੁਰੱਖਿਅਤ ਜਗ੍ਹਾ 'ਤੇ ਸੰਭਾਲ ਲਵੋ, ਹੋ ਸਕਦਾ ਹੈ ਕਿ ਪਬਲਿਕ ਹੈਲਥ ਨੂੰ ਇਸ ਨੂੰ ਜਾਂਚ ਲਈ ਜਮ੍ਹਾ ਕਰਨ ਦੀ ਲੋੜ ਪਵੇ।

ਫਰੇਜ਼ਰ ਹੈਲਥ ਬਾਰੇ:

ਅਸੀਂ ਮਾਨਤਾ ਦਿੰਦੇ ਹਾਂ ਕਿ ਫਰੇਜ਼ਰ ਹੈਲਥ ਕੋਸਟ ਸੈਲਿਸ਼ ਅਤੇ ਨਲਾਕਾ'ਪਾਮਕਸ ਨੇਸ਼ਨਜ਼ ਦੀਆਂ ਰਵਾਇਤੀ, ਜੱਦੀ ਅਤੇ ਅਣ ਸੌਂਪੀਆਂ ਜ਼ਮੀਨਾਂ 'ਤੇ ਦੇਖਭਾਲ ਪ੍ਰਦਾਨ ਕਰਦੀ ਹੈ ਅਤੇ ਫਰੇਜ਼ਰ ਸੈਲਿਸ਼ ਖੇਤਰ ਦੇ ਅੰਦਰ 32 ਫਸਟ ਨੇਸ਼ਨਜ਼ ਦਾ ਘਰ ਹੈ।

ਫਰੇਜ਼ਰ ਹੈਲਥ ਸਾਰੇ ਆਦਿਵਾਸੀ (ਇਨਡਿਜਨਿਸ) ਲੋਕਾਂ ਦੀ ਸੇਵਾ ਕਰਨ ਲਈ ਸਮਰਪਿਤ ਹੈ, ਅਤੇ ਫਰੇਜ਼ਰ ਸੈਲਿਸ਼ ਖੇਤਰ ਦੇ ਅੰਦਰ ਰਹਿਣ ਵਾਲੇ ਫਸਟ ਨੇਸ਼ਨਜ਼, ਮੇਟੀ ਅਤੇ ਇਨੂਇਟ ਦੇ ਵਿਲੱਖਣ ਸੱਭਿਆਚਾਰਾਂ ਦਾ ਸਨਮਾਨ ਕਰਦੀ ਹੈ।

ਸਾਡੀਆਂ ਹਸਪਤਾਲ ਅਤੇ ਕਮਿਊਨਿਟੀ-ਅਧਾਰਿਤ ਸੇਵਾਵਾਂ ਸਾਡੇ ਮਰੀਜ਼ਾਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸੇਵਾ ਲਈ ਸਮਰਪਿਤ 48,000+ ਸਟਾਫ, ਮੈਡੀਕਲ ਸਟਾਫ ਅਤੇ ਵਲੰਟੀਅਰਾਂ ਦੀ ਟੀਮ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

-30-

ਮੀਡੀਆ ਪੁੱਛਗਿੱਛ ਲਈ, ਕਿਰਪਾ ਕਰਕੇ ਸੰਪਰਕ ਕਰੋ:
ਫਰੇਜ਼ਰ ਹੈਲਥ ਮੀਡੀਆ ਲਾਈਨ: 604-613-0794
media@fraserhealth.ca